## ਭਗਤ ਕਬੀਰ - ਸਬਦ ੧੦

## ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥

## ਰਾਗੁ ਗਉੜੀ, ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ੩੨੪

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥
ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥
ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥
ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥
ਕਰਮ ਕਰਤ ਬਧੇ ਅਹੰਮੇਵ ॥
ਮਿਲਿ ਪਾਥਰ ਕੀ ਕਰਹੀ ਸੇਵ ॥੩॥
ਕਹੁ ਕਬੀਰ ਭਗਤਿ ਕਰਿ ਪਾਇਆ ॥
ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥

**ਸਾਰ:** ਬੁਧ ਅਤੇ ਹਉਮੈ ਤੋਂ ਪ੍ਰੇਰਿਤ ਸਿਆਣਪ, ਸਾਡੇ ਅਸਲ ਸਵੈ ਨਾਲੋਂ ਸਾਡੇ ਸੰਬੰਧ ਨੂੰ ਸੀਮਤ ਕਰ ਦਿੰਦੀ ਹੈ, ਕਿਉਂ ਕਿ ਇਹ ਧੋਖੇ ਅੰਦਰ ਨਿਹਿਤ ਹੁੰਦੀ ਹੈ। ਕਿਸੇ ਦੂਸਰੇ ਨੂੰ ਧੋਖਾ ਦੇਣਾ, ਸਵੈ ਨੂੰ ਧੋਖਾ ਦੇਣ ਵੱਲ ਲੈ ਜਾਂਦਾ ਹੈ, ਕਿਉਂ ਕਿ ਅਸੀਂ ਇਕ ਦੂਸਰੇ ਨਾਲ ਅੰਤਰ-ਸੰਬੰਧਿਤ ਹਾਂ। ਨਿਮਰਤਾ ਦੇ ਧਾਰਨੀ ਹੋਣ ਨਾਲ ਅਸੀਂ ਹਉਮੈ ਦਾ ਤਿਆਗ ਕਰ ਸਕਦੇ ਹਾਂ ਅਤੇ ਵਿਸ਼ਵ-ਵਿਆਪੀ ਸੰਪਰਕਤਾ ਨਾਲ ਜੁੜ ਸਕਦੇ ਹਾਂ।

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥
ਜਪ, ਤਪ, ਵਰਤ ਜਾਂ ਭਗਤੀ ਕਰਨ ਦਾ ਕੀ ਲਾਭ ਹੋ ਸਕਦਾ ਹੈ?

ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਜੇਕਰ ਤੁਹਾਡਾ ਹਿਰਦੇ ਦਵੈਤ ਪ੍ਰਤੀ ਪਿਆਰ ਨਾਲ ਭਰਿਆ ਹੋਇਆ ਹੈ। (੧)

ਰੇ ਜਨ ਮਨੁ ਮਾਧਉ ਸਿਉ ਲਾਈਐ ॥

ਹੇ ਲੋਕੋ, ਆਪਣੇ ਮਨ ਨੂੰ ਉਸ ਊਰਜਾ ਨਾਲ ਜੋੜੋ ਜੋ ਸਾਰੇ ਪਾਸੇ ਪਸਰੀ ਹੋਈ ਹੈ।

ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥

ਚਤੁਰਾਈ ਤੁਹਾਨੂੰ ਸਰਬ-ਵਿਆਪਕ ਊਰਜਾ ਨੂੰ ਸਮਝਣ ਦੇ ਸਮਰਥ ਨਹੀਂ ਬਣਾ ਸਕਦੀ। (ਠਹਿਰਾਉ)

ਪਰਹਰੁ ਲੋਭੁ ਅਰੁ ਲੋਕਾਚਾਰੁ ॥

ਆਪਣੇ ਲੋਭ ਦਾ ਤਿਆਗ ਕਰੋ ਅਤੇ ਦੂਸਰਿਆਂ ਨੂੰ ਵੇਖਾਵੇ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ ਨਾ ਕਰੋ।

ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥

ਬੇ-ਲਗਾਮ ਇਛਾਵਾਂ, ਗੁਸੇ ਅਤੇ ਹਉਮੈ ਨੂੰ ਇਕ ਪਾਸੇ ਰੱਖੋ। (੨)

ਕਰਮ ਕਰਤ ਬਧੇ ਅਹੰਮੇਵ ॥

ਬਿਨ੍ਹਾਂ ਕਿਸੇ ਦਲੀਲ ਕਰਮ-ਕਾਂਡੀ ਰਸਮਾਂ ਨੂੰ ਨਿਭਾਉਣ ਨਾਲ ਕਈ ਹਉਮੈ ਦੀਆਂ ਜ਼ੰਜ਼ੀਰਾਂ ਨਾਲ ਬੱਝ ਚੁਕੇ ਹਨ।

ਮਿਲਿ ਪਾਥਰ ਕੀ ਕਰਹੀ ਸੇਵ ॥੩॥

ਸੰਗਤ ਰੂਪ ਵਿਚ ਇਕੱਤਰ ਹੋ ਉਹ ਪੱਥਰਾਂ ਦੀ ਪੂਜਾ ਕਰਦੇ ਹਨ। (੩)

ਕਹੁ ਕਬੀਰ ਭਗਤਿ ਕਰਿ ਪਾਇਆ ॥

ਕਬੀਰ ਕਹਿੰਦੇ ਹਨ ਸਰਵ-ਵਿਆਪਕ ਚੇਤਨਾ ਦੀ ਪ੍ਰਾਪਤੀ ਭਗਤੀ ਰਾਹੀਂ ਹੁੰਦੀ ਹੈ।

ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥

ਜਦੋਂ ਕਿਸੇ ਦੇ ਇਰਾਦੇ ਪਾਕ ਹੋਣ ਤਾਂ ਦੈਵੀ ਚੇਤਨਾ ਦੀ ਪ੍ਰਾਪਤੀ ਹੋ ਜਾਂਦੀ ਹੈ। (੪)(੬)

**ਤੱਤ:** ਭਗਤ ਕਬੀਰ ਇਸ ਤੱਥ ਤੇ ਜੋਰ ਦਿੰਦੇ ਹਨ ਕਿ ਸਪੱਸ਼ਟ ਇਰਾਦੇ ਮਨ ਨੂੰ ਰੋਸ਼ਨ ਕਰਦੇ ਹਨ, ਜਿਸ ਨਾਲ ਵਿਅਕਤੀ ਨੂੰ ਸਭ ਵਸਤਾਂ ਅੰਦਰ ਸੂਖਮ ਰੂਪ ਵਿਚ ਦੈਵੀਤਵ ਦੀ ਹਾਜ਼ਰਤਾ ਦਾ ਅਹਿਸਾਸ ਹੁੰਦਾ

ਹੈ। ਇਸ ਰੂਹਾਨੀ ਸੂਝ ਦੇ ਮਾਰਗ ਲਈ ਭਗਤੀ ਅਤੇ ਹਉਮੈ ਦਾ ਸਮਰਪਣ ਲੋੜੀਂਦਾ ਹੈ ਜੋ ਉਸ ਊਰਜਾ ਨਾਲ ਇਕਸੁਰ ਕਰਦਾ ਹੈ ਜੋ ਸਾਰੀ ਹੋਂਦ ਵਿਚ ਵਿਦਮਾਨ ਹੈ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ: OnenessInDiversity.com**

**ਈਮੇਲ: onenessindiversityfoundation@gmail.com**